# ਪਾਵਰ ਕੱਟ ਦੌਰਾਨ ਮੁਫਤ ਵਾਧੂ ਸਹਾਇਤਾ ਪ੍ਰਾਪਤ ਕਰੋ।

## ਤਰਜੀਹੀ ਸੇਵਾਵਾਂ ਲਈ ਰਜਿਸਟਰ ਕਰੋ।



Scottish & Southern
Electricity Networks

# ਸਭ ਤੋਂ ਵੱਧ ਲੋੜਵੰਦ ਲੋਕਾਂ ਲਈ ਵਾਧੂ ਸਹਾਇਤਾ

ਅਸੀਂ ਹੀ ਉਹ ਲੋਕ ਹਾਂ ਜੋ ਪੂਰੇ ਸਕਾਟਲੈਂਡ ਦੇ ਉੱਤਰ ਦੀਆਂ ਅਤੇ ਕੇਂਦਰੀ ਦੱਖਣੀ ਇੰਗਲੈਂਡ ਦੀਆਂ ਕਮਿਊਨਿਟੀਆਂ ਲਈ ਬਿਜਲੀ ਲਿਆਉਣ ਵਾਲੀਆਂ ਤਾਰਾਂ ਅਤੇ ਕੇਬਲਾਂ ਦੀ ਦੇਖਭਾਲ ਕਰਦੇ ਹਾਂ। **ਅਸੀਂ ਤੁਹਾਨੂੰ ਬਿਜਲੀ ਦੇ ਬਿਲ ਭੇਜਣ ਵਾਲੀ ਕੰਪਨੀ ਨਹੀਂ ਹਾਂ** – ਸਾਡਾ ਕੰਮ ਬਿਜਲੀ ਦੇ ਅਸਲੀ ਨੈਟਵਰਕਾਂ ਦੀ ਦੇਖਰੇਖ ਅਤੇ ਮੁਰੰਮਤ ਕਰਨਾ ਹੈ। ਪਾਵਰ ਕੱਟਾਂ ਨੂੰ ਛੇਤੀ ਤੋਂ ਛੇਤੀ ਅਤੇ ਸੁਰੱਖਿਅਤ ਤਰੀਕੇ ਨਾਲ ਠੀਕ ਕਰਨਾ ਵੀ ਸਾਡਾ ਕੰਮ ਹੈ।

ਅਸੀਂ ਜਾਣਦੇ ਹਾਂ ਕਿ ਪਾਵਰ ਕੱਟ ਚਿੰਤਾਜਨਕ ਅਤੇ ਮੁਸ਼ਕਲਾਂ ਵਿੱਚ ਪਾਉਣ ਵਾਲਾ ਹੋ ਸਕਦਾ ਹੈ, ਇਸ ਕਰਕੇ ਅਸੀਂ ਮੁਫਤ ਵਾਧੂ ਸਹਾਇਤਾ ਅਤੇ ਸਹਾਰਾ ਮੁਹੱਈਆ ਕਰਦੇ ਹਾਂ। ਜੇ ਸਾਨੂੰ ਪਹਿਲਾਂ ਤੋਂ ਹੀ ਪਤਾ ਹੋਵੇ ਕਿ ਤੁਹਾਨੂੰ ਕਿਹੜੀ ਵਾਧੂ ਸਹਾਇਤਾ ਦੀ ਲੋੜ ਪੈ ਸਕਦੀ ਹੈ ਤਾਂ ਅਸੀਂ ਤੁਹਾਡੀ ਮਦਦ ਬਹੁਤ ਜ਼ਿਆਦਾ ਚੰਗੇ ਤਰੀਕੇ ਨਾਲ ਕਰ ਸਕਦੇ ਹਾਂ। ਜੇ ਤੁਸੀਂ ਤਰਜੀਹੀ ਸੇਵਾਵਾਂ ਲਈ, ਭਾਵੇਂ ਆਰਜ਼ੀ ਤੌਰ 'ਤੇ ਹੀ ਸਹੀ, ਰਜਿਸਟਰ ਕਰਵਾਉਣਾ ਚਾਹੋ ਤਾਂ ਕਿਰਪਾ ਕਰਕੇ **0800 294 3259** 'ਤੇ ਸਾਨੂੰ ਕਾਲ ਕਰੋ ਜਾਂ ਨੱਥੀ ਫਾਰਮ ਨੂੰ ਭਰੋ।

## ਸਾਡੇ ਰਜਿਸਟਰ ਵਿੱਚ ਤੁਹਾਡਾ ਨਾਂ ਹੋਣਾ ਸ਼ਾਇਦ ਤੁਹਾਡੇ ਲਈ ਚੰਗਾ ਹੋਵੇਗਾ, ਜੇ:

- ਤੁਸੀਂ ਸੁਣ ਨਹੀਂ ਸਕਦੇ ਹੋ ਜਾਂ ਤੁਹਾਨੂੰ ਘੱਟ ਸੁਣਾਈ ਦਿੰਦਾ ਹੈ
- ਤੁਸੀਂ ਕਿਸੇ ਅਸਮਰਥਤਾ ਤੋਂ ਪੀੜਤ ਹੋ
- ਤੁਸੀਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹੋ
- ਤੁਹਾਨੂੰ ਨਜ਼ਰ ਨਹੀਂ ਆਉਂਦਾ ਜਾਂ ਘੱਟ ਨਜ਼ਰ ਆਉਂਦਾ ਹੈ
- ਤੁਹਾਨੂੰ ਕੋਈ ਲੰਮੇ ਅਰਸੇ ਦੀ ਬਿਮਾਰੀ ਹੈ
- ਤੁਸੀਂ ਬਿਜਲੀ 'ਤੇ ਨਿਰਭਰ ਕੋਈ ਮੈਡੀਕਲ ਸਾਜ਼-ਸਮਾਨ ਜਾਂ ਸਾਧਨ ਵਰਤਦੇ ਹੋ
- ਤੁਹਾਡੀ ਉਮਰ 60 ਸਾਲ ਤੋਂ ਵੱਧ ਹੈ

ਸੱਚ ਹੈ ਕਿ ਹਰ ਵਿਅਕਤੀ ਦੀ ਲੋੜ ਵੱਖਰੀ ਹੁੰਦੀ ਹੈ, ਇਸ ਕਰਕੇ ਆਪਣੀਆਂ ਲੋੜਾਂ ਬਾਰੇ ਗੱਲ ਕਰਨ ਲਈ ਬੇਝਿਜਕ ਸਾਡੇ ਨਾਲ ਸੰਪਰਕ ਕਰੋ।



# ਅਸੀਂ ਕੀ ਪੇਸ਼ ਕਰਨ ਦਾ ਇਰਾਦਾ ਰੱਖਦੇ ਹਾਂ

## ਪਾਵਰ ਕੱਟ ਦੌਰਾਨ ਤਰਜੀਹ ਦੇਣਾ

ਸਾਡੀ ਤਰਜੀਹੀ ਸੇਵਾ ਦਿਨ ਦੇ 24 ਘੰਟੇ ਉਪਲਬਧ ਹੈ। ਜੇ ਜ਼ਰੂਰੀ ਦੇਖਰੇਖ ਲਈ ਸਾਨੂੰ ਤੁਹਾਡੀ ਪਾਵਰ ਸਪਲਾਈ ਬੰਦ ਕਰਨੀ ਪੈਂਦੀ ਹੈ ਤਾਂ ਅਸੀਂ ਤੁਹਾਡੇ ਨਾਲ ਜਾਂ ਤੁਹਾਡੇ ਵੱਲੋਂ ਮਨੋਨੀਤ ਵਿਅਕਤੀ ਨਾਲ ਸੰਪਰਕ ਕਰਾਂਗੇ।

## ਤੁਹਾਡੀਆਂ ਲੋੜਾਂ ਮੁਤਾਬਕ ਤਿਆਰ ਕੀਤੀ ਸੁਰੱਖਿਆ ਸਲਾਹ

ਜੇ ਤੁਸੀਂ ਸਾਡੇ ਕੋਲੋਂ ਮੰਗ ਕਰੋ ਤਾਂ ਅਸੀਂ ਤੁਹਾਡੀਆਂ ਲੋੜਾਂ ਦੇ ਅਨੁਸਾਰ, ਜਿਵੇਂ ਬ੍ਰੇਲ, ਟੈਕਸਟਫੋਨ, ਆਡੀਓ ਸੀਡੀ ਜਾਂ ਅੰਗਰੇਜ਼ੀ ਦੇ ਇਲਾਵਾ ਕਿਸੇ ਦੂਜੀ ਭਾਸ਼ਾ ਵਿੱਚ, ਸਲਾਹ ਦੇ ਸਕਦੇ ਹਾਂ ਕਿ ਪਾਵਰ ਕੱਟ ਲਈ ਤਿਆਰੀ ਕਿਵੇਂ ਕਰਨੀ ਚਾਹੀਦੀ ਹੈ।

## ਸਥਾਨਕ ਐਮਰਜੈਂਸੀ ਸੇਵਾਵਾਂ ਲਈ ਕਨੈਕਸ਼ਨ

ਅਸੀਂ ਸਥਾਨਕ ਅਥਾਰਟੀਆਂ, ਐਮਰਜੈਂਸੀ ਸੇਵਾਵਾਂ ਅਤੇ ਏਜੰਸੀਆਂ, ਜਿਵੇਂ ਬ੍ਰਿਟਿਸ਼ ਰੈਡ ਕਰਾਸ, ਨਾਲ ਮਿਲ ਕੇ ਸਾਡੇ ਤਰਜੀਹੀ ਸੇਵਾ ਰਜਿਸਟਰ ਵਿੱਚ ਦਰਜ ਲੋਕਾਂ ਨੂੰ ਵਾਧੂ ਸਹਾਇਤਾ ਦਿੰਦੇ ਹਾਂ।

## ਤੁਹਾਡੀ ਕਮਿਊਨਿਟੀ ਲਈ ਪ੍ਰਾਵਧਾਨ

ਖਰਾਬ ਮੌਸਮ ਵਾਲੀਆਂ ਘਟਨਾਵਾਂ ਅਤੇ ਲੰਮੇ ਅਰਸੇ ਦੇ ਪਾਵਰ ਕੱਟਾਂ ਦੌਰਾਨ ਸਥਾਨਕ ਕਲਿਆਣ ਵਾਹਨਾਂ ਨਾਲ ਸਾਡੇ ਸੰਪਰਕ ਦੇ ਕਾਰਨ ਸਾਨੂੰ ਭੋਜਨ, ਪੀਣ ਵਾਲੇ ਤਰਲ, ਗਰਮ ਅਤੇ ਚਾਰਜ ਕਰਨ ਵਾਲੇ ਪੁਆਇੰਟ ਮੁਹੱਈਆ ਕਰਨ ਦੇ ਸਾਡੇ ਟੀਚੇ ਵਿੱਚ ਮਦਦ ਮਿਲਦੀ ਹੈ।

## ਐਮਰਜੈਂਸੀ ਪਾਵਰ ਸਪਲਾਈ

ਜੇ ਤੁਸੀਂ ਬਿਜਲੀ ‘ਤੇ ਨਿਰਭਰ ਮੈਡੀਕਲ ਸਾਜ਼-ਸਾਮਾਨ ਜਾਂ ਸਾਧਨਾਂ ਦੀ ਵਰਤੋਂ ਕਰਦੇ ਹੋ ਤਾਂ ਲੰਮੇ ਅਰਸੇ ਦੇ ਪਾਵਰ ਕੱਟਾਂ ਲਈ ਸਾਡਾ ਟੀਚਾ ਪੋਰਟੇਬਲ ਜਨਰੇਟਰ ਮੁਹੱਈਆ ਕਰਨ ਦਾ ਹੁੰਦਾ ਹੈ।

## ਮਨ ਦੀ ਸ਼ਾਂਤੀ

ਅਸੀਂ ਇੱਕ ਅਜਿਹੀ ਸੇਵਾ ਦੀ ਪੇਸ਼ਕਸ਼ ਕਰਦੇ ਹਾਂ ਜਿਸ ਵਿੱਚ ਤੁਸੀਂ ਸਕਾਟਿਸ਼ ਅਤੇ ਸਦਰਨ ਇਲੈਕਟ੍ਰਿਸਿਟੀ ਨੈਟਵਰਕ ਦੇ ਸਟਾਫ ਨਾਲ ਸੰਪਰਕ ਲਈ ਤੁਸੀਂ ਇੱਕ ਪਾਸਵਰਡ ਦੀ ਵਰਤੋਂ ਲਈ ਸਹਿਮਤ ਹੋ ਸਕਦੇ ਹੋ। ਇਸ ਤਰ੍ਹਾਂ ਤੁਹਾਡੀ ਨਿੱਜੀ ਅਤੇ ਤੁਹਾਡੇ ਘਰ ਦੀ ਸੁਰੱਖਿਆ ਦਾ ਧਿਆਨ ਰੱਖ ਸਕਦੇ ਹਾਂ।

**ਸਾਡੀਆਂ ਸਾਰੀਆਂ ਤਰਜੀਹੀ ਸੇਵਾਵਾਂ ਮੁਫਤ ਹਨ**

# ਅੱਜ ਹੀ ਤਰਜੀਹੀ ਸੇਵਾਵਾਂ ਲਈ ਰਜਿਸਟਰ ਕਰੋ।

ਫਾਰਮ ਭਰੋ ਜਾਂ **ਮੁਫਤ** ਕਾਲ ਕਰੋ

0800 294 3259

0800 316 5457
ਟੈਕਸਟਫੋਨ

ਹੋਰ ਜਾਣਕਾਰੀ ਇਥੇ ਲਉ:

ssen.co.uk/
priorityservices

## ਪਾਵਰ ਕੱਟ ਲਈ ਤਿਆਰ ਰਹੋ।

- ਕੁਝ ਗਰਮ ਕੱਪੜੇ ਅਤੇ ਇੱਕ ਬੈਟਰੀ ਵਾਲੀ ਟਾਰਚ ਕਿਸੇ ਅਸਾਨੀ ਨਾਲ ਪਹੁੰਚੀ ਜਾ ਸਕਣ ਵਾਲੀ ਥਾਂ 'ਤੇ ਰੱਖੋ।
- ਪੱਕਾ ਕਰੋ ਕਿ ਤੁਹਾਡੇ ਮੈਡੀਕਲ ਸਾਜ਼-ਸਮਾਨ ਲਈ ਬੈਕ-ਅੱਪ ਪਾਵਰ ਹੋਵੇ।
- ਪੱਕਾ ਕਰੋ ਕਿ ਤੁਹਾਡੀ ਸਟੇਅਰ-ਲਿਫਟ ਨੂੰ ਬਿਜਲੀ ਦੇ ਬਿਨਾਂ ਚਲਾਇਆ ਜਾ ਸਕੇ ਜਾਂ ਉਸ ਲਈ ਬੈਟਰੀ ਬੈਕ-ਅੱਪ ਹੋਵੇ।

Scottish & Southern
Electricity Networks

**POWER CUT?
CALL 105**

/ssencommunity

@ssencommunity

ਸਕਾਟਿਸ਼ ਅਤੇ ਸਦਰਨ ਇਲੈਕਟ੍ਰਿਸਟੀ ਨੈਟਵਰਕ ਇਹਨਾਂ ਦਾ ਵਪਾਰਕ ਨਾਂ ਹੈ: ਸਕਾਟਿਸ਼ ਐਂਡ ਸਦਰਨ ਐਨਰਜੀ ਪਾਵਰ ਡਿਸਟ੍ਰਿਬਿਊਸ਼ਨ ਲਿਮਿਟਿਡ, ਜੋ ਸਕਾਟਲੈਂਡ ਵਿੱਚ SC213459 ਨੰਬਰ ਹੇਠ ਰਜਿਸਟਰਡ ਹੈ; ਸਕਾਟਿਸ਼ ਹਾਈਡ੍ਰੋ ਇਲੈਕਟ੍ਰਿਕ ਟ੍ਰਾਂਸਮਿਸ਼ਨ plc, ਜੋ ਸਕਾਟਲੈਂਡ ਵਿੱਚ SC213461 ਨੰਬਰ ਹੇਠ ਰਜਿਸਟਰਡ ਹੈ; ਸਕਾਟਿਸ਼ ਹਾਈਡ੍ਰੋ ਇਲੈਕਟ੍ਰਿਕ ਪਾਵਰ ਡਿਸਟ੍ਰਿਬਿਊਸ਼ਨ plc, ਜੋ ਸਕਾਟਲੈਂਡ ਵਿੱਚ SC213460 ਨੰਬਰ ਹੇਠ ਰਜਿਸਟਰਡ ਹੈ; (ਸਾਰਿਆਂ ਦੇ ਰਜਿਸਟਰਡ ਦਫਤਰ Inveralmond House 200 Dunkeld Road Perth PH1 3AQ ਵਿਖੇ ਹਨ) ਅਤੇ ਸਦਰਨ ਇਲੈਕਟ੍ਰਿਕ ਪਾਵਰ ਡਿਸਟ੍ਰਿਬਿਊਸ਼ਨ plc ਜੋ ਇੰਗਲੈਂਡ ਅਤੇ ਵੇਲਜ਼ ਵਿੱਚ 04094290 ਨੰਬਰ ਹੇਠ ਰਜਿਸਟਰਡ ਹੈ ਅਤੇ ਜਿਸਦਾ ਰਜਿਸਟਰਡ ਦਫਤਰ No. 1 Forbury Place 43 Forbury Road Reading RG1 3JH ਵਿਖੇ ਹੈ ਅਤੇ ਜੋ SSE Group www.ssen.co.uk ਦੇ ਮੈਂਬਰ ਹਨ।

# ਤਰਜੀਹੀ ਸੇਵਾਵਾਂ ਲਈ ਰਜਿਸਟ੍ਰੇਸ਼ਨ ਫਾਰਮ

ਕਿਰਪਾ ਕਰਕੇ ਦੋਨੋਂ ਸਫੇ ਪ੍ਰਿੰਟ ਕਰੋ, ਭਰੋ ਅਤੇ ਵਾਪਸ ਭੇਜੋ।

**ਸੰਪਰਕ ਵੇਰਵਾ**
ਉਸ ਵਿਅਕਤੀ ਲਈ ਜਿਸਨੂੰ ਪਾਵਰ ਕੱਟ ਦੇ ਦੌਰਾਨ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ।

**ਪਦਵੀ** ______ **ਨਾਂ ਦਾ ਪਹਿਲਾ ਹਿੱਸਾ:** ______

**ਉਪ-ਨਾਮ:** ______

**ਪਤਾ** ______

______ **ਡਾਕ ਕੋਡ** ______

**ਘਰ ਦਾ ਫੋਨ** ______

**ਮੋਬਾਇਲ ਫੋਨ** ______

**ਟੈਕਸਟ ਫੋਨ** ______

**ਘਰ ਵਿਜ਼ਿਟ ਦੀ ਸੁਰੱਖਿਆ (ਵੱਧ ਤੋਂ ਵੱਧ 10 ਅੱਖਰ)**
ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਘਰ ਆਉਣ 'ਤੇ ਅਸੀਂ ਕਿਸੇ ਪਾਸਵਰਡ ਦੀ ਵਰਤੋਂ ਕਰੀਏ ਤਾਂ ਕਿਰਪਾ ਕਰਕੇ ਉਹ ਪਾਸਵਰਡ ਇੱਥੇ ਦਰਜ ਕਰੋ ______

**ਮੇਰਾ ਮਨੋਨੀਤ ਸੰਪਰਕ** (ਜੇ ਲਾਗੂ ਹੁੰਦਾ ਹੈ)
ਕੋਈ ਮਿੱਤਰ ਜਾਂ ਪਰਿਵਾਰ ਦਾ ਮੈਂਬਰ ਜਿਸ ਨਾਲ ਅਸੀਂ ਤਰਜੀਹੀ ਸੇਵਾਵਾਂ ਅਤੇ ਪਾਵਰ ਸਪਲਾਈ ਵਿੱਚ ਰੁਕਾਵਟਾਂ ਬਾਰੇ ਸੰਪਰਕ ਕਰ ਸਕਦੇ ਹਾਂ।

**ਪਦਵੀ** ______ **ਨਾਂ ਦਾ ਪਹਿਲਾ ਹਿੱਸਾ** ______

**ਉਪ-ਨਾਮ** ______

**ਘਰ ਦਾ ਫੋਨ** ______

**ਮੋਬਾਇਲ** ______

**ਟੈਕਸਟ ਫੋਨ** ______

**ਰਿਸ਼ਤਾ** ______

ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਿ ਅਸੀਂ ਤੁਹਾਡਾ ਡੈਟਾ ਕਿਵੇਂ ਇਕੱਠਾ ਕਰਦੇ ਹਾਂ, ਸਟੋਰ ਕਰਦੇ ਹਾਂ ਅਤੇ ਪ੍ਰਾਸੈੱਸ ਕਰਦੇ ਹਾਂ, ਸਾਡਾ ਪ੍ਰਾਈਵੇਸੀ ਨੋਟਿਸ ssen.co.uk/PrivacyNotice/ ਵਿਖੇ ਦੇਖੋ (ਪੇਪਰ ਕਾਪੀ ਮੰਗਣ ਲਈ ਸਾਡੇ ਨਾਲ ਸੰਪਰਕ ਕਰੋ)।

ਜੇ ਤੁਹਾਨੂੰ ਤਰਜੀਹੀ ਸੇਵਾਵਾਂ ਦੀ ਹੋਰ ਲੋੜ ਨਹੀਂ ਹੈ, ਤਾਂ ਸਾਨੂੰ **0800 294 3259** 'ਤੇ ਕਾਲ ਕਰੋ, ਜਾਂ **0800 316 5457** 'ਤੇ ਟੈਕਸਟ ਫੋਨ ਰਾਹੀਂ ਜਾਂ Networks.Priority.Services@sse.com 'ਤੇ ਸੰਪਰਕ ਕਰੋ, ਅਤੇ ਅਸੀਂ ਤੁਹਾਡਾ ਨਾਂ ਰਜਿਸਟਰ 'ਚੋਂ ਕੱਟ ਦਿਆਂਗੇ।

## ਕਿਰਪਾ ਕਰਕੇ ਇਸ ਪਤੇ 'ਤੇ ਭੇਜੋ:

Priority Services, Scottish and Southern Electricity Networks, FREEPOST, RTGH-TXXT-ZAEG
Inveralmond House, 200 Dunkeld Road, Perth, PH1 3AG

Scottish & Southern Electricity Networks

# ਤਰਜੀਹੀ ਸੇਵਾਵਾਂ ਲਈ ਰਜਿਸਟ੍ਰੇਸ਼ਨ ਫਾਰਮ

ਕਿਰਪਾ ਕਰਕੇ ਦੋਨੋਂ ਸਫੇ ਪ੍ਰਿੰਟ ਕਰੋ, ਭਰੋ ਅਤੇ ਵਾਪਸ ਭੇਜੋ।

**ਰਜਿਸਟਰ ਕਰਨ ਦਾ ਕਾਰਨ** (ਉਹਨਾਂ ਸਾਰੇ ਖ਼ਾਨਿਆਂ ਵਿੱਚ ਸਹੀ ਲਗਾਓ ਜੋ ਲਾਗੂ ਹੁੰਦੇ ਹਨ)

**ਬਿਜਲੀ 'ਤੇ ਨਿਰਭਰ ਮੈਡੀਕਲ** ਸਾਜ਼-ਸਮਾਨ ਜਾਂ ਸਾਧਨ Equipment Type

- ☐ **ਲੰਮੇ ਅਰਸੇ ਦੀ ਬਿਮਾਰੀ**
- ☐ **ਨਜ਼ਰ ਬਿਲਕੁਲ ਨਹੀਂ ਆਉਂਦਾ**
- ☐ **ਅੰਸ਼ਕ ਤੌਰ 'ਤੇ ਨਜ਼ਰ ਆਉਂਦਾ ਹੈ**
- ☐ **ਸੁਣਾਈ ਨਾ ਦੇਣਾ ਜਾਂ ਘੱਟ ਸੁਣਾਈ ਦੇਣਾ**
- ☐ **ਬੋਲਣ ਵਿੱਚ ਕਠਨਾਈਆਂ**
- ☐ **ਸੀਮਤ ਤੁਰਨਾ-ਫਿਰਨਾ**
- ☐ **ਸਰੀਰਕ ਵਿਕਾਰ**
- ☐ **ਵਿਕਾਸਾਤਮਕ ਰੋਗ**
- ☐ **ਮਾਨਸਿਕ ਸਿਹਤ**
- ☐ **ਡੀਮੈਂਸ਼ੀਆ (ਯਾਦਦਾਸ਼ਤ ਦੀ ਘਾਟ)**
- ☐ **60 ਸਾਲ ਤੋਂ ਵੱਧ ਉਮਰ**
- ☐ **5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਪਰਿਵਾਰ**

**ਆਰਜ਼ੀ:**

- ☐ **ਨੌਜਵਾਨ ਬਾਲਗ ਦਾ ਪਰਿਵਾਰ**
- ☐ **ਹਸਪਤਾਲ ਦੇ ਬਾਅਦ ਸਿਹਤਯਾਬੀ**
- ☐ **ਜੀਵਨ ਵਿੱਚ ਤਬਦੀਲੀਆਂ**

**ਦੂਜੇ ਕਾਰਨ ਜਿਨ੍ਹਾਂ ਕਰਕੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ** (ਕਿਰਪਾ ਕਰਕੇ ਵੇਰਵਾ ਦਿਓ)

**ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਤਾਂ ਦੱਸੋ ਕਿ ਕਿਹੜੀ ਭਾਸ਼ਾ ਹੈ?**

**ਤੁਹਾਨੂੰ ਸਾਡੇ ਬਾਰੇ ਕਿਵੇਂ ਪਤਾ ਚਲਿਆ?**

## ਇਸ ਫਾਰਮ 'ਤੇ ਦਸਤਖਤ ਕਰਨ ਦਾ ਤੁਹਾਡੇ ਲਈ ਕੀ ਅਰਥ ਹੈ

ਇਸ ਫਾਰਮ 'ਤੇ ਦਸਤਖਤ ਕਰਕੇ ਤੁਸੀਂ ਇਸ ਗੱਲ ਦੀ ਪੁਸ਼ਟੀ ਕਰ ਰਹੇ ਹੋ ਕਿ ਤੁਸੀਂ ਸਮਝਦੇ ਹੋ ਕਿ ਐਮਰਜੈਂਸੀ ਦੇ ਦੌਰਾਨ ਸਾਨੂੰ ਤੁਹਾਡੇ ਵੇਰਵੇ ਤੀਜੇ ਪੱਖਾਂ ਨੂੰ ਦੇਣੇ ਪੈ ਸਕਦੇ ਹਨ ਤਾਂ ਜੋ ਅਸੀਂ ਤੁਹਾਨੂੰ ਤਰਜੀਹੀ ਸੇਵਾਵਾਂ ਦੇ ਸਕੀਏ; ਇਹਨਾਂ ਪੱਖਾਂ ਵਿੱਚ ਬ੍ਰਿਟਿਸ਼ ਰੈਡ ਕਰਾਸ, ਸਥਾਨਕ ਅਥਾਰਟੀਆਂ ਜਾਂ ਐਮਰਜੈਂਸੀ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ। ਜੇ ਤੁਹਾਡਾ ਕੋਈ ਮਨੋਨੀਤ ਸੰਪਰਕ ਵਿਅਕਤੀ ਹੈ ਤਾਂ ਤੁਸੀਂ ਇਸ ਗੱਲ ਲਈ ਸਪਸ਼ਟ ਸਹਿਮਤੀ ਦੇ ਰਹੇ ਹੋ ਕਿ ਤਰਜੀਹੀ ਸੇਵਾਵਾਂ ਦੇਣ ਲਈ ਅਸੀਂ ਤੁਹਾਡੇ ਵੱਲੋਂ ਤੁਹਾਡੇ ਮਨੋਨੀਤ ਸੰਪਰਕ ਵਿਅਕਤੀ ਨਾਲ ਗੱਲਬਾਤ ਕਰ ਸਕਦੇ ਹਾਂ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡੇ ਬਾਰੇ ਅਤੇ ਤੁਹਾਡੀ ਸਪਲਾਈ ਬਾਰੇ ਜਾਣਕਾਰੀ ਨੂੰ ਅਸੀਂ ਉਹਨਾਂ ਨਾਲ ਸਾਂਝਾ ਕਰਾਂਗੇ।

**ਸਾਫ ਅੱਖਰਾਂ ਵਿੱਚ ਨਾਂ**

**ਦਸਤਖਤ**

**ਮਿਤੀ**

## ਤੁਹਾਡੇ ਵੇਰਵੇ ਸਾਂਝਾ ਕਰਨਾ

ਤੁਹਾਡੀ ਸਹਿਮਤੀ ਨਾਲ, ਅਸੀਂ ਤੁਹਾਡੇ ਵੇਰਵੇ ਤੁਹਾਡੇ ਐਨਰਜੀ ਸਪਲਾਇਰ ਅਤੇ ਗੈਸ ਟ੍ਰਾਂਸਪੋਰਟਰ ਨੂੰ ਦੇ ਸਕਦੇ ਹਾਂ ਜੋ ਆਪਣੇ ਵੱਲੋਂ ਵੀ ਤੁਹਾਨੂੰ ਤਰਜੀਹੀ ਸੇਵਾਵਾਂ ਦੇ ਸਕਦੇ ਹਨ ਜਿਨ੍ਹਾਂ ਦਾ ਲਾਭ ਤੁਸੀਂ ਚੁੱਕ ਸਕਦੇ ਹੋ।

☐ **ਮੈਂ ਆਪਣੇ ਵੇਰਵੇ ਸਾਂਝੇ ਕਰਨ ਲਈ ਸਹਿਮਤ ਹਾਂ**